# ਕਿਉਂ ਹੋ ਰਿਹਾ ਹੈ ਨਾਟਕ 'ਰਾਤ ਚਾਨਣੀ'?

ਕੁਲਵਿੰਦਰ ਖਹਿਰਾ

ਆਮ ਆਦਮੀ ਵਾਂਗ ਜਦੋਂ ਕਦੀ ਤੁਸੀਂ ਵੀ ਆਪਣੇ ਜੀਵਨ ਬਾਰੇ ਸੋਚਦੇ ਹੋਵੋਗੇ ਤਾਂ ਬਹੁ-ਗਿਣਤੀ ਵਾਂਗ ਜ਼ਰੂਰ ਹੀ ਮਹਿਸੂਸ ਕਰਦੇ ਹੋਵੋਗੇ ਕਿ ਤੁਹਾਡੀ ਜ਼ਿੰਦਗੀ ਬੜੀ ਦੁੱਖਾਂ ਭਰੀ, ਬੋਝਲ ਅਤੇ ਜ਼ਾਲਮ ਹੈ। ਸਿਹਤ, ਅਰਥਿਕਤਾ, ਔਲਾਦ, ਆਦਿ ਕੋਈ ਨਾ ਕੋਈ ਗਮ ਜ਼ਰੂਰ ਅਜਿਹਾ ਹੋਵੇਗਾ ਜੋ ਤੁਹਾਨੂੰ ਅਹਿਸਾਸ ਕਰਵਾਉਂਦਾ ਹੋਵੇ ਕਿ ਤੁਸੀਂ ਦੂਸਰਿਆਂ ਦੇ ਮੁਕਾਬਲੇ ਵੱਧ ਪ੍ਰੇਸ਼ਾਨ ਹੋ। ਪਰ ਕਈ ਵਾਰ ਅਜਿਹੇ ਦੁਖੀ ਲੋਕ ਵੀ ਮਿਲਦੇ ਹਨ ਜਿਨ੍ਹਾਂ ਨੂੰ ਵੇਖ ਕੇ ਆਪ-ਮੁਹਾਰੇ ਮੂੰਹੋ ਨਿਕਲ ਜਾਂਦਾ ਹੈ ਕਿ 'ਅਸੀਂ ਬਹੁਤ ਸੁਖੀ ਹਾਂ'। ਅਜਿਹੀ ਹੀ ਬਦਨੀਸੀਬੀ ਦਾ ਸ਼ਿਕਾਰ ਹੋਇਆ ਹੈ ਸਾਡਾ ਟਰਾਂਟੋ ਦਾ ਰੰਗਕਰਮੀ ਅਤੇ ਇੱਕ ਬਹੁਤ ਹੀ ਵਧੀਆ ਦੋਸਤ, ਹਰਭਜਨ ਫਲੋਰਾ, ਜਿਸ ਨੇ ਚਾਰ ਸਾਲ ਦੇ ਭਿਆਨਕ ਅਤੇ ਲੰਮੇਂ ਸਮੇਂ ਦੌਰਾਨ ਅੰਤ ਦੀ ਬੇਵਸੀ ਨਾਲ ਆਪਣੇ ਜਵਾਨ ਬੇਟੇ ਇਮਾਨਪਾਲ ਅਤੇ ਜੀਵਨ ਸਾਥਣ ਸਰਬਜੀਤ ਨੂੰ ਕਿਣਕਾ ਕਿਣਕਾ ਕਰਕੇ ਹੱਥਾਂ 'ਚੋਂ ਕਿਰਦਿਆਂ ਵੇਖਿਆ ਹੈ।

ਰੰਗ-ਮੰਚ ਦੀ ਸਟੇਜ 'ਤੇ ਅਦਾਕਾਰੀ ਦਾ ਲੋਹਾ ਮਨਵਾਉਣ ਵਾਲਾ ਹਰਭਜਨ ਫਲੋਰਾ ਆਪਣੇ ਦੋ ਬੇਟਿਆਂ ਅਤੇ ਪਤਨੀ ਨਾਲ ਰੰਗਾਂ-ਭਰੀ ਜ਼ਿੰਦਗੀ ਜੀਅ ਰਿਹਾ ਸੀ ਕਿ ਹੋਣੀ ਦੀ ਕਰੋਪੀ ਨੇ ਆਪਣੇ ਮਨਹੂਸ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਉਸ ਦਾ ਵੱਡਾ ਬੇਟਾ ਇਮਾਨਪਾਲ 14 ਕੁ ਸਾਲ ਦੀ ਛੋਟੀ ਜਿਹੀ ਉਮਰ ਵਿੱਚ ਹੀ ਪਰਾਇਔਨ ਨਾਂ ਦੀ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹੋ ਗਿਆ। *(ਇਹ ਬੀਮਾਰੀ ਉਨ੍ਹਾਂ ਦਿਮਾਗੀ ਬੀਮਾਰੀਆਂ ਦੇ ਪਰਵਾਰ ਵਿੱਚੋਂ ਇੱਕ ਹੈ ਜਿਨ੍ਹਾਂ ਦਾ ਅਜੇ ਤੱਕ ਕੋਈ ਇਲਾਜ਼ ਨਹੀਂ ਮਿਲ ਸਕਿਆ, ਖੋਜ ਜਾਰੀ ਹੈ। ਐਲਜ਼ਾਇਮਰ ਵਾਂਗ ਹੀ ਇਸ ਬੀਮਾਰੀ ਦਾ ਸ਼ਿਕਾਰ ਆਦਮੀ ਦੇ ਅੰਗ-ਪੈਰ ਸੁੱਕਣ ਲੱਗ ਪੈਂਦੇ ਹਨ ਅਤੇ ਮਰੀਜ਼ ਬਹੁਤ ਤੇਜ਼ੀ ਨਾਲ ਮੌਤ ਦੀ ਝੋਲੀ ਜਾ ਪੈਂਦਾ ਹੈ। ਭਾਵੇਂ ਇਮਾਨਪਾਲ ਦੀ ਮਾਂ ਸਰਬਜੀਤ ਦੀ ਮੌਤ ਇਸੇ ਹੀ ਤਰ੍ਹਾਂ ਹੋਈ ਹੈ ਪਰ ਇਮਾਨਪਾਲ ਦੇ ਬਾਰੇ 'ਚ ਡਾਕਟਰਾਂ ਨੂੰ ਤਸੱਲੀ ਨਹੀਂ ਹੈ ਕਿ ਇਹ ਪਰਾਇਔਨ ਨਾਂ ਦੀ ਹੀ ਬੀਮਾਰੀ ਸੀ, ਕਿਉਂਕਿ ਇਮਾਨਪਾਲ ਬਹੁਤ ਲੰਮਾ ਸਮਾਂ ਇਸ ਬੀਮਾਰੀ ਨਾਲ ਜੂਝਦਾ ਰਿਹਾ)* ਹਸਦਾ-ਖੇਡਦਾ ਖ਼ੂਬਸੂਰਤ ਚਿਹਰਾ ਕੁਮਲਾਉਣਾ ਸ਼ੁਰੂ ਹੋ ਗਿਆ। ਸਰੀਰ ਕਮਜ਼ੋਰ ਪੈਣ ਲੱਗਾ ਅਤੇ ਹੌਲੀ ਹੌਲੀ ਸੁੱਕਣਾ ਸ਼ੁਰੂ ਹੋ ਗਿਆ। ਦੁਨੀਆਂ ਭਰ ਦੀ ਐਲੋਪੈਥੀ ਦੀ ਦਵਾਈ ਫਲੋਰਾ ਪਰਵਾਰ ਲਈ ਮਿੱਟੀ ਹੋ ਕੇ ਰਹਿ ਗਈ, ਹੋਮੋਪੈਥੀ, ਵਿੱਚ ਅਸਰ ਨਾ ਰਿਹਾ ਅਤੇ ਬੇਵੱਸ ਹੋਏ ਪਰਵਾਰ ਦੀਆਂ ਅਰਦਾਸਾਂ ਵੀ ਰੱਬ ਦੇ ਬੋਲੇ ਕੰਨਾਂ ਤੱਕ ਨਾ ਪਹੁੰਚ ਸਕੀਆਂ। ਪੁੱਤ ਦੇ ਦੁੱਖ ਵਿੱਚ ਤੜਫ ਰਹੇ ਹਰਭਜਨ ਨੂੰ ਅਜੇ ਪੁੱਤ ਦੀ ਬਿਪਤਾ ਵਿੱਚੋਂ ਹੀ ਰਾਹਤ ਨਹੀਂ ਸੀ ਮਿਲ ਰਹੀ ਕਿ ਹੋਣੀ ਨੇ ਸਾਬਤ ਕਰ ਦਿੱਤਾ ਕਿ ਉਸ ਦੀ ਮਨਹੂਸਤਾ ਦੀ ਕੋਈ ਹੱਦ ਨਹੀਂ ਹੁੰਦੀ। ਪੁੱਤ ਦੀ ਬੀਮਾਰੀ ਨੂੰ ਵਿਲਕਦੀ ਵਿਲਕਦੀ ਸਰਬਜੀਤ ਵੀ ਉਸੇ ਹੀ ਬੀਮਾਰੀ ਦਾ ਸ਼ਿਕਾਰ ਹੋ ਕੇ ਮੰਜੇ 'ਤੇ ਪੈ ਗਈ।

ਚਾਰ ਸਾਲ ਦੇ ਕਰੀਬ ਮੌਤ ਹਰਭਜਨ ਨੂੰ ਦੰਦੀਆਂ ਕਰਾਉਂਦੀ ਰਹੀ ਅਤੇ ਉਸ ਦੇ ਹੱਥਾਂ 'ਚੋਂ ਉਸ ਦੇ ਜਿਗਰ ਦੇ ਟੁਕੜੇ ਨੂੰ ਕਿਣਕਾ ਕਿਣਕਾ ਕਰਕੇ ਨੋਚਦੀ ਰਹੀ। ਅਖੀਰ ਜਦੋਂ ਦਸੰਬਰ 2006 ਵਿੱਚ ਇਮਾਨਪਾਲ ਦੀ ਬਾਕੀ ਰਹਿ ਗਈ ਹੱਡੀਆਂ ਦੀ ਮੁੱਠ ਵਿੱਚ ਧੜਕਦਾ ਦਿਲ ਵੀ ਸ਼ਾਂਤ ਹੋਇਆ ਤਾਂ ਉਸ ਸਮੇਂ ਉਸ ਦੀ ਮਾਂ ਵੀ ਉਸੇ ਹੀ ਬੀਮਾਰੀ ਨਾਲ ਹਸਪਤਾਲ ਵਿੱਚ ਬੇਹੋਸ਼ ਪਈ ਸੀ। ਅਜਿਹੀ ਹਸਪਤਾਲ ਗਈ ਕਿ ਆਪਣੇ ਪੁੱਤ ਤੋਂ ਸੱਖਣੇ ਪਏ ਘਰ ਵਿੱਚ ਮੁੜ ਨਾ ਆਈ। ਮੁਸੀਬਤਾਂ ਦੀ ਜੇ ਕੋਈ ਕਸਰ ਬਾਕੀ ਰਹਿ ਗਈ ਸੀ ਤਾਂ ਜਵਾਨ ਪੋਤੇ ਨੂੰ ਗਵਾ ਚੁੱਕੀ ਅਤੇ ਜਵਾਨ ਨੂੰਹ ਨੂੰ ਮੌਤ ਦੇ ਬਿਸਤਰ 'ਤੇ ਪਈ ਛੱਡ ਕੇ ਤੁਰ ਗਈ ਹਰਭਜਨ ਦੀ ਮਾਂ ਦੇ ਦੁੱਖ ਨੇ ਪੂਰੀ ਕਰ ਦਿੱਤੀ।

ਇਹ ਹਰਭਜਨ ਦੀ ਜ਼ਿੰਦਗੀ ਦੇ ਉਹ ਦਿਨ ਸਨ ਜਿਨ੍ਹਾਂ ਵਿੱਚ ਕਿਸੇ ਪੀਰ-ਪੈਗੰਬਰ ਦੇ ਹੀ ਸਾਬਤ ਰਹਿ ਸਕਣ ਦੀ ਆਸ ਕੀਤੀ ਜਾ ਸਕਦੀ ਹੈ। ਇਨ੍ਹਾਂ ਦਿਨਾਂ ਦੌਰਾਨ ਜਿੱਥੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਹਰਭਜਨ ਨੂੰ ਮਾਨਸਿਕ ਸਹਾਰਾ ਦੇਣ ਦੀ ਕੋਸ਼ਿਸ਼ ਕੀਤੀ ਓਥੇ ਕੁਝ-ਇੱਕ ਸਮਾਜਿਕ ਸੰਸਥਾਵਾਂ ਨੇ ਜੋ ਰੋਲ ਨਿਭਾਇਆ ਉਹ ਹਰਭਜਨ ਲਈ ਸਭ ਤੋਂ ਵੱਡਾ ਜੀਵਨ-ਸਹਾਰਾ ਸੀ। ਖਾਸ ਤੌਰ 'ਤੇ ਐਰਿਨਓਕ ਨਾਂ ਦੀ ਸੰਸਥਾ ਦੇ ਕਾਰਕੁਨਾਂ ਵੱਲੋਂ ਨਾ ਸਿਰਫ ਇਮਾਨਪਾਲ ਅਤੇ ਸਰਬਜੀਤ ਦੀਆਂ ਸਰੀਰਕ ਮੁਸ਼ਕਲਾਂ ਦੇ ਹੱਲ ਲਈ ਲੋੜੀਂਦੀਆਂ ਸਹੂਲਤਾਂ ਹੀ ਪ੍ਰਦਾਨ ਕੀਤੀਆਂ ਗਈਆਂ ਸਗੋਂ ਹਰਭਜਨ ਦੇ ਦੁੱਖ ਨੂੰ ਵੀ ਉਨ੍ਹਾਂ ਵੱਲੋਂ ਇੱਕ ਪਰਵਾਰ ਦੇ ਮੈਂਬਰ ਦੀ ਤਰ੍ਹਾਂ ਹੀ ਵੰਡਾਇਆ ਗਿਆ। ਇਸ ਸੰਸਥਾ ਵੱਲੋਂ ਮਿਲੀ ਸਹਾਇਤਾ ਦਾ ਜ਼ਿਕਰ ਕਰਦਿਆਂ ਹਰਭਜਨ ਗੱਚ ਭਰਕੇ ਆਖਦਾ ਹੈ ਕਿ ਜੇ ਇਹ ਸੰਸਥਾ ਉਸ ਦੇ ਦੁੱਖ ਵਿੱਚ ਸ਼ਰੀਕ ਨਾ ਹੋਈ ਹੁੰਦੀ ਤਾਂ ਸ਼ਾਇਦ ਕੁਦਰਤ ਦੀ ਕਰੋਪੀ ਤੇ ਸਾਡੇ ਸਿਹਤ-ਵਿਭਾਗ ਦੇ ਦਾਗ਼ੀ ਵਰਤਾਰੇ ਨੇ ਉਸ ਨੂੰ ਖਿੰਡਾ ਦਿੱਤਾ ਹੁੰਦਾ। ਹਰਭਜਨ ਦੀ ਖਵਾਹਿਸ਼ ਹੈ ਕਿ ਜੋ ਅਜਿਹੀਆਂ ਸੰਸਥਾਵਾਂ ਦੁਖੀ ਪਰਵਾਰਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨ ਅਤੇ ਜੀਂਦੇ ਰਹਿਣ ਦਾ ਬਲ ਬਖਸ਼ਦੀਆਂ ਹਨ, ਉਨ੍ਹਾਂ ਦੀ ਮਦਦ ਕੀਤੀ ਜਾਣੀ ਬਣਦੀ ਹੈ ਤਾਂ ਕਿ ਮੁਸੀਬਤਾਂ ਦੇ ਦਿਨਾਂ ਵਿੱਚ ਕੋਈ ਘੁੱਟ ਘੁੱਟ ਕੇ ਮਰਨ ਲਈ ਮਜਬੂਰ ਨਾ ਹੋਵੇ। ਹਰਭਜਨ ਦੀ ਇਸੇ ਹੀ ਖਵਾਹਿਸ਼ ਨਾਲ ਸਹਿਮਤ ਹੁੰਦਿਆਂ 'ਪੰਜਾਬੀ ਆਰਟਸ ਐਸੋਸੀਏਸ਼ਨ' ਨੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਵੱਲੋਂ 13 ਮਈ ਨੂੰ ਕਰਵਾਏ ਜਾ ਰਹੇ 'ਰਾਤ ਚਾਨਣੀ' ਨਾਟਕ ਤੋਂ ਜੋ ਵੀ ਮੁਨਾਫਾ ਹੋਵੇਗਾ ਉਹ ਉਪਰੋਕਤ ਸੰਸਥਾ ਨੂੰ ਦਾਨ ਕਰ ਦਿੱਤਾ ਜਾਵੇਗਾ।

'ਪੰਜਾਬੀ ਆਰਟਸ ਐਸੋਸੀਏਸ਼ਨ' ਇੱਕ 'ਨੌਨਪ੍ਰੋਫਿਟੇਬਲ' ਸੰਸਥਾ ਹੈ ਜੋ ਪਿਛਲੇ ਕਈ ਸਾਲਾਂ ਤੋਂ ਨਾਟਕ ਦੇ ਖੇਤਰ ਵਿੱਚ ਸਰਗਰਮ ਹੈ ਅਤੇ ਟਰਾਂਟੋ ਅਤੇ ਆਸ-ਪਾਸ ਦੇ ਖੇਤਰ ਵਿੱਚ ਕਈ ਬਿਹਤਰੀਨ ਨਾਟਕ ਕਰਵਾ ਚੁੱਕੀ ਹੈ। ਉਪਰੋਕਤ ਫੈਸਲਾ ਲੈ ਕੇ ਇਸ ਸੰਸਥਾ ਨੇ ਜਿੱਥੇ ਆਪਣੇ ਨੈਤਿਕ ਫ਼ਰਜ਼ ਨੂੰ ਪਛਾਣਿਆ ਹੈ ਓਥੇ ਇਸ ਨਾਲ ਭਾਈਚਾਰੇ ਵਿੱਚ ਜਾਗਰੂਕਤਾ ਵੀ ਵਧੇਗੀ ਅਤੇ ਲੋਕ ਸਮਾਜਿਕ ਫ਼ਰਜ਼ਾਂ ਅਤੇ ਲੋੜਾਂ ਪ੍ਰਤੀ ਸੁਚੇਤ ਹੋਣਗੇ।

ਕੁਦਰਤੀ ਬੀਮਾਰੀ ਅਜਿਹੀ ਚੀਜ਼ ਹੈ ਜੋ ਕਿਸੇ ਦਾ ਦਰਵਾਜ਼ਾ ਲੰਘਣ ਤੋਂ ਪਹਿਲਾਂ ਇਜਾਜ਼ਤ ਨਹੀਂ ਮੰਗਦੀ। ਕੋਈ ਇਹ ਨਹੀਂ ਚਾਹੁੰਦਾ ਕਿ ਫਲੋਰਾ ਪਰਵਾਰ ਵਰਗੀ ਆਫਤ ਕਿਸੇ ਦੇ ਪਰਵਾਰ 'ਤੇ ਆਵੇ। ਪਰ ਜੇ ਕੁਦਰਤ ਅੱਗੇ ਜ਼ੋਰ ਨਾ ਹੀ ਚੱਲੇ ਤਾਂ ਫਿਰ ਕੋਈ ਨਹੀਂ ਚਾਹੇਗਾ ਕਿ ਉਸ ਦੀ ਬਾਂਹ ਫੜ੍ਹਨ ਵਾਲਾ ਕੋਈ ਨਾ ਹੋਵੇ। ਇਸ ਲਈ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀ ਪ੍ਰੰਪਰਾਗਤ ਦਾਨ ਕਰਨ ਦੀ ਰਵਾਇਤ ਵਿੱਚੋਂ ਜਿੱਥੇ ਵੱਧ ਤੋਂ ਵੱਧ ਦਾਨ ਅਜਿਹੀਆਂ ਮਦਦਗਾਰ ਸੰਸਥਾਵਾਂ ਨੂੰ ਕਰੀਏ, ਤਾਂ ਜੋ ਕਿਸੇ ਦੁਖੀ ਦੇ ਦੁੱਖ ਵਿੱਚ ਸ਼ਰੀਕ ਹੋ ਸਕੀਏ, ਓਥੇ ਸੇਵਾ-ਭਾਵਨਾ ਦੀ ਰੀਤ ਅਧੀਨ ਅਜਿਹੀਆਂ ਸੰਸਥਾਵਾਂ ਨਾਲ ਤਾਲ-ਮੇਲ ਕਰਕੇ ਵਲੰਟੀਅਰ ਤੌਰ 'ਤੇ ਕੰਮ ਕਰਨ ਲਈ ਵੀ ਉਪਰਾਲੇ ਕਰੀਏ। 'ਰਾਤ ਚਾਨਣੀ' ਨਾਟਕ ਵਿੱਚ ਸ਼ਮੂਲੀਅਤ ਕਰਕੇ ਅਸੀਂ ਇਸ ਪੱਖ ਵਿੱਚ ਪਹਿਲਾ ਕਦਮ ਪੁੱਟ ਰਹੇ ਹੋਵਾਂਗੇ।

ਭਾਵੇਂ 'ਪੰਜਾਬੀ ਆਰਟਸ ਐਸੋਸੀਏਸ਼ਨ' ਵੱਲੋਂ ਕਰਵਾਏ ਜਾਣ ਵਾਲੇ ਸਾਰੇ ਨਾਟਕ ਹੀ ਸਲਾਹੁਣਯੋਗ ਹੁੰਦੇ ਹਨ ਪਰ ਉਨ੍ਹਾਂ ਵੱਲੋਂ 13 ਮਈ ਨੂੰ ਚਿੰਗਕੂਜੀ ਸੈਕੰਡਰੀ ਸਕੂਲ ਵਿੱਚ ਕਰਵਾਇਆ ਜਾਣ ਵਾਲਾ ਨਾਟਕ 'ਰਾਤ ਚਾਨਣੀ' (ਜੋ ਕੈਨੇਡੀਅਨ ਪੰਜਾਬੀ ਭਾਈਚਾਰੇ ਦੇ ਜੀਵਨ 'ਤੇ ਅਧਾਰਿਤ ਹੈ ਅਤੇ ਪਾਲੀ ਭੁਪਿੰਦਰ ਵੱਲੋਂ ਲਿਖਿਆ ਗਿਆ ਹੈ) ਮਹਿਜ਼ ਇੱਕ ਨਾਟਕ ਹੀ ਨਹੀਂ ਸਗੋਂ ਇੱਕ ਸਮਾਜ-ਸੇਵੀ ਕਾਰਜ ਹੈ ਜਿਸ ਨੂੰ ਹੁੰਗਾਰਾ ਦੇਣਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਜਿੱਥੇ ਮੈਂ ਭਾਈਚਾਰੇ ਨੂੰ ਇਹ ਨਾਟਕ ਵੇਖਣ ਦੀ ਬੇਨਤੀ ਕਰਦਾ ਹਾਂ ਓਥੇ ਇਹ ਵੀ ਜ਼ਰੂਰ ਕਹਾਂਗਾ ਕਿ ਜਿੰਨੀ ਕੁ ਟਿਕਟ ਪ੍ਰਬੰਧਕਾਂ ਵੱਲੋਂ ਰੱਖੀ ਜਾਂਦੀ ਹੈ ਉਸ ਨਾਲ ਬਹੁਤ ਵੱਡੀ ਮਦਦ ਹੋਣ ਦੀ ਆਸ ਨਹੀਂ ਹੈ, ਇਸ ਲਈ ਜਿੱਥੇ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ/ਦੋਸਤਾਂ ਨੂੰ ਲੈ ਕੇ ਆਉ ਓਥੇ ਟਿਕਟ ਤੋਂ ਇਲਾਵਾ ਵੀ ਸੰਸਥਾ ਦੀ ਇਸ ਪ੍ਰੋਗਰਾਮ ਦੌਰਾਨ ਜ਼ਰੂਰ ਮਾਲੀ ਮਦਦ ਕਰੋ ਤਾਂ ਕਿ ਦੁਖੀਆਂ ਦਾ ਸਹਾਰਾ ਬਣਨ ਵਾਲੀ ਕਿਸੇ ਸੰਸਥਾ ਦੀ ਚੰਗੀ ਤਰ੍ਹਾਂ ਮਦਦ ਕੀਤੀ ਜਾ ਸਕੇ।

ਜਿੱਥੇ ਇਸ ਸਮਾਗਮ ਪ੍ਰਤੀ ਜਾਣਕਾਰੀ ਬਹੁਤ ਸਾਰੀਆਂ ਅਖ਼ਬਾਰਾਂ ਅਤੇ ਰੇਡੀਓ ਪ੍ਰੋਗਰਾਮਾਂ ਤੋਂ ਦਿੱਤੀ ਜਾ ਰਹੀ ਹੈ ਓਥੇ ਇਸ ਦੇ ਪ੍ਰਬੰਧਕਾਂ (ਬਲਜਿੰਦਰ ਲੇਲ੍ਹਣਾ (416-677-1555) ਜਾਂ ਕੁਲਦੀਪ ਰੰਧਾਵਾ (416-892-6171)) ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। ਮੈਨੂੰ ਪੂਰੀ ਆਸ ਹੈ ਕਿ ਸਾਡਾ ਭਾਈਚਾਰਾ ਇਸ ਕਾਜ ਵਿੱਚ 'ਪੰਜਾਬੀ ਆਰਟਸ ਐਸੋਸੀਏਸ਼ਨ' ਨੂੰ ਦਿਲ ਖੋਲ੍ਹ ਕੇ ਸਹਿਯੋਗ ਦੇਵੇਗਾ।

ਯੂਬਾ ਸਿਟੀ (ਕੈਲੀਫੋਰਨੀਆਂ) (ਹੁਸਨ ਲੜੋਆ ਬੰਗਾ)
ਯੂਬਾ ਸਿਟੀ ਵਲੋਂ "ਸਿਖ ਚਿਲਡਰਨ ਫੋਰਮ" ਦੇ ਸਹਿਯੋ
ਪਹਿਲਾਂ ਨੌਜਵਾਨਾ ਨੂੰ ਗੁਰਦਵਾਰਾ ਸਾਹਿਬ ਦੇ ਪਾਰਕ
ਜੈਕਾਰਿਆਂ ਦੀ ਗੂੰਜ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂ
ਅਤੇ "ਸਿਖ ਚਿਲਡਰਨ ਫੋਰਮ" ਦੇ ਕੋਆਰਡੀਨੇਟਰ ਨੇ
ਘਰੇਲੂ ਮਹੌਲ,ਦੂਸਰੇ ਲੋਕਾਂ ਵਿਚ ਵਿਚਰਨ , ਸਿਖ ਧਰ
ਇਲਾਵਾ ਨੌਜਵਾਨਾ ਨੂੰ ਗੁਰਦਵਾਰਾ ਸਾਹਿਬ ਵਲੋਂ ਦਸਤ
ਕਮੇਟੀ ਨੇ ਇਕ ਹੋਰ ਫੈਸਲੇ ਰਹੀ ਇਲਾਕੇ ਦੀ ਸੰਗਤ
ਜ਼ਰੂਰ ਕਰਾਉਣ ਤਾ ਕਿ ਗੁਰਦਵਾਰਾ ਸਾਹਿਬ ਵਲੋਂ ਉਹ
ਭਾਈ ਹਰਪਾਲ ਸਿੰਘ ਜੋਹਲ ਨੇ "ਸਿਖ ਚਿਲਡਰਨ ਫੋ
ਦਸਤਾਰ ਦਿਵਸ" ਅਤੇ ਦਸਤਾਰਬੰਦੀ ਵਰਗੇ ਪ੍ਰੋਗਰਾ


ਸਾਂਝ ਸਵੇਰਾ
905-789-7787